INKSPIRED REFLECTIONS

# ਅਕਵਿਤਾ

*Collected poems of Piara Singh Kudowal*

ਪਿਆਰਾ ਸਿੰਘ ਕੁੱਦੋਵਾਲ

PIARA SINGH KUDOWAL

CONTENTS


ਅਕਵਿਤਾ — AKAVITA

ਇੱਧਰ ਵੀ ਤੇ ਉੱਧਰ ਵੀ — IDDHAR VI TE UDDHAR VI

AKAVITA

# ਅਕਵਿਤਾ

14 July 2026

ਹੈਲੋ

ਮੈਂ ਸੋਚਦਾ ਇੱਕ ਕਵਿਤਾ ਲਿਖਾਂ

ਪਰ ਮੈਂਥੋਂ ਲਿਖ ਨਹੀਂ ਹੁੰਦੀ

ਉਸਨੇ ਕਿਹਾ, ਜਿਵੇਂ ਬਾਕੀ ਕਰਦੇ ਨੇ

ਮੈਂ ਚੈਟ ਜੀ.ਪੀ.ਟੀ. ਨੂੰ ਕਹਾਂ

ਉਹ ਤੇਰੇ ਲਈ ਕਵਿਤਾ ਲਿਖ ਦੇਵੇਗੀ

ਜਾਂ ਏ ਆਈ ਨਾਲ ਗੱਲ ਕਰਾਂ

ਉਹ ਵੀ ਮੈਨੂੰ ਕਵਿਤਾ ਲਿਖਣ ਦਾ

ਵਧੀਆ ਆਈਡੀਆ ਦੇ ਸਕਦੀ ਹੈ

ਅਮਰਜੀਤ ਗਰੇਵਾਲ ਵੀ ਕਹਿੰਦਾ ਕਿ

ਏਆਈ ਨੂੰ ਨਹੀਂ ਵਰਤੋਂਗੇ ਤਾਂ ਪਿੱਛੇ ਰਹਿ ਜਾਉਂਗੇ !

ਏਆਈ ਵਰਤੋਂਗੇ ਤਾਂ ਪੰਜਾਬੀ ਭਾਸ਼ਾ ਬਚੀ ਰਹੇਗੀ।

ਬਿਲਕੁਲ ਠੀਕ ਵਿਚਾਰ ਹੈ,

ਮੈਨੂੰ ਏਆਈ ਵਰਤਣੀ ਚਾਹੀਦੀ ਹੈ !

ਪਰ ਮੈਨੂੰ ਸਮਝ ਨਹੀਂ ਆਉਂਦੀ

ਏਆਈ ਨੂੰ ਕਿਵੇਂ ਦੱਸਾਂ ਕਿ

ਮੈਂ ਉਸਨੂੰ ਕਿਸ ਤਰ੍ਹਾਂ ਅਤੇ

ਕਿੰਨਾ ਪਿਆਰ ਕਰਦਾ ਹਾਂ

ਮੇਰਾ ਪਿਆਰ ਤਾਂ ਬਿਲਕੁਲ ਵੱਖਰਾ ਹੈ

ਝੱਲਵਲੱਲਾ, ਜੋ ਸਿਰਫ ਉਸਨੂੰ ਹੀ ਪਤਾ ਹੈ

ਏਆਈ ਕਿਵੇਂ ਸਮਝੇਗੀ ਮੇਰਾ
ਦੇਸੀ ਜਿਹਾ, ਸ਼ਰਮਾਕਲ ਜਿਹਾ ਪਿਆਰ ?!

ਮੈਂ ਹਿੰਮਤ ਕਰਕੇ ਸੰਬੋਧਨੀ ਸੁਰ ਵਿੱਚ ਬੋਲਦਾ ਹਾਂ
ਹੇ ਚੈਟ ਜੀ. ਪੀ. ਟੀ. ,
ਕੀ ਤੂੰ ਮੇਰੇ ਪਿਆਰ ਤੇ ਕਵਿਤਾ ਲਿਖ ਸਕਦੀ ਹੈਂ
ਮੇਰੇ ਸਿੱਧੇ ਸਾਦੇ ਪਿਆਰ ਵਰਗੀ,
ਕਮਲਿਆਂ ਦੇ ਇਜ਼ਹਾਰ ਵਰਗੀ
ਮਾਂ ਦੇ ਦੁਲਾਰ ਵਰਗੀ
ਦੁਲਹਨ ਦੇ ਸ਼ਿੰਗਾਰ ਵਰਗੀ ?

ਹੋ ਸਕਦਾ ਲਿਖ ਵੀ ਦੇਵੇ ਕਿਉਂਕਿ
ਪਿਆਰ ਤਾਂ ਇੱਕ ਸਰਬ ਵਿਆਪੀ ਭਾਵਨਾ ਹੈ
ਹਰ ਕੋਈ ਕਰਦਾ ਹੈ ਤੇ
ਸ਼ਾਇਦ ਤੂੰ ਵੀ ਕਰਦੀ ਹੋਵੇ ?!

ਇਸ ਲਈ ਕਦੇ ਤਾਂ ਤੈਨੂੰ ਜਰੂਰ ਆਖਾਂਗਾ ਕਿ
ਸਿਰਫ ਮੇਰੇ ਪਿਆਰ ਤੇ ਕਵਿਤਾ ਲਿਖ
ਹੇ ਏ ਆਈ
ਅਜੇ ਮੈਨੂੰ ਤੇਰੇ ਤੋਂ ਸੰਗ ਆਉਂਦੀ ਹੈ .....

IDDHAR VI TE UDDHAR VI

# ਇੱਧਰ ਵੀ ਤੇ ਉੱਧਰ ਵੀ

25 July 2026

*ਇਕ ਨਵੀਂ ਰਚਨਾ ਆਪ ਸੱਭ ਲਈ — ਕੁੱਦੋਵਾਲ*

ਇੱਕ ਹਲਕੀ ਜਿਹੀ ਮੁਸਕਾਨ ਇੱਧਰ ਵੀ ਤੇ ਉਧਰ ਵੀ
ਇੱਕ ਤਲਖ਼ੀ ਭਰੀ ਜ਼ੁਬਾਨ ਇੱਧਰ ਵੀ ਤੇ ਉੱਧਰ ਵੀ

ਉਹ ਆਏ ਮੁਸਕਰਾਏ ਤੇ ਹੱਥ ਹਿਲਾ ਕੇ ਚਲੇ ਗਏ
ਅਸੀਂ ਖੜ ਗਏ ਵਾਂਗ ਚਟਾਨ ਇੱਧਰ ਵੀ ਤੇ ਉੱਧਰ ਵੀ

ਫ਼ਿਕਰਾਂ ਦੇ ਬਸਤੇ ਭਰ ਅਸੀਂ ਪੜ੍ਹਨ ਗਏ ਵਿਦੇਸ਼ਾਂ ਵਿਚ
ਸਾਡੇ ਰੁਲ ਗਏ ਸਭ ਅਰਮਾਨ ਇੱਧਰ ਵੀ ਤੇ ਉੱਧਰ ਵੀ

ਸਾਡੇ ਪੈਰਾਂ ਹੇਠ ਮੁਕੱਦਰ ਅਸੀਂ ਦੌੜਾਂ ਲੰਬੀਆਂ ਲਾ ਬੈਠੇ
ਨਾ ਲੱਭੇ ਕੋਈ ਕਦਰਦਾਨ ਇੱਧਰ ਵੀ ਤੇ ਉੱਧਰ ਵੀ

ਕੁੱਦੋਵਾਲ ਤੇ ਬਰੈਂਮਟਨ ਹੁਣ ਇਕੋ ਜਿੱਕੇ ਲਗਦੇ ਨੇ
ਅਸੀਂ ਬਣ ਗਏ ਹਿੰਦੁਸਤਾਨ ਇੱਧਰ ਵੀ ਤੇ ਉੱਧਰ ਵੀ